# **ਉਸ ਦੇ ਪੁੱਤਰ ਦੇ ਸਰੂਪ ਵਿੱਚ ਬਦਲੇ ਗਏ**

2 ਪਤਰਸ 1:1-11

ਫ੍ਰੈਂਕਲਿਨ ਦੇ ਨੋਟਸ

2 ਪਤਰਸ 1:1 ਲਿਖਤੁਮ ਸ਼ਮਊਨ ਪਤਰਸ ਜਿਹੜਾ ਯਿਸੂ ਮਸੀਹ ਦਾ ਦਾਸ ਅਤੇ ਰਸੂਲ ਹਾਂ। ਅੱਗੇ ਜੋਗ ਉਨ੍ਹਾਂ ਨੂੰ ਜਿਹੜੇ **ਸਾਡੇ ਪਰਮੇਸ਼ੁਰ** ਅਤੇ **ਮੁਕਤੀ ਦਾਤੇ ਯਿਸੂ ਮਸੀਹ ਦੇ ਧਰਮ ਦੇ ਰਾਹੀਂ** ਸਾਡੇ ਸਮਾਨ ਅਮੋਲਕ **ਨਿਹਚਾ ਨੂੰ ਪਰਾਪਤ ਹੋਏ** ਹਨ।

- ਅਸੀਂ ਨਿਹਚਾ ਪ੍ਰਾਪਤ ਜਾਂ ਹਾਸਲ ਕੀਤੀ ਹੈ। ਇਹ ਸਾਡੇ ਕੋਲ ਪਹੁੰਚੀ ਅਤੇ ਸਾਨੂੰ ਇੱਕ ਦਾਨ ਦੇ ਤੌਰ ਤੇ ਦਿੱਤੀ ਗਈ।

- ਰੋਮੀਆਂ 12:3 ਪਰਮੇਸ਼ੁਰ ਨੇ **ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ** ਹੈ।

- ਇਬਰਾਨੀਆਂ 12:2 **ਯਿਸੂ** . . . ਜੋ **ਸਾਡੇ ਵਿਸ਼ਵਾਸ ਦਾ ਆਰੰਭ** ਅਤੇ **ਪੂਰਨਤਾ** ਹੈ

- 1 ਕੁਰਿੰਥੀਆਂ 4:7 ਤੇਰੇ ਕੋਲ ਕੀ ਹੈ ਜੋ ਤੈਂ ਦੂਏ ਤੋਂ ਨਹੀਂ **ਲਿਆ**?
  (ਹੋਰ ਵਧੀਕ ਆਇਤਾਂ ਜੋ ਇਹ ਦੱਸਦੀਆਂ ਹਨ ਕਿ ਨਿਹਚਾ ਇੱਕ ਦਾਨ ਹੈ ਇਸ ਅਧਿਐਨ ਦੇ ਅੰਤ ਵਿੱਚ ਦਿੱਤੀਆਂ ਗਈਆਂ ਹਨ)

- ਕਿਸ ਤਰ੍ਹਾਂ ਦੀ ਨਿਹਚਾ? **ਸਾਡੇ ਸਮਾਨ** -> ਵੱਡਮੁੱਲੀ ਅਤੇ ਉੰਨੀ ਹੀ ਮਹੱਤਵਪੂਰਣ ਜਿੰਨੀ ਕਿ ਪਤਰਸ ਅਤੇ ਦੂਜੇ ਰਸੂਲਾਂ ਦੀ ਸੀ।

- ਇਹ ਸਾਨੂੰ ਕਿਉਂ ਅਤੇ ਕਿਸ ਅਧਾਰ ਤੇ ਦਿੱਤੀ ਗਈ? **ਪੂਰੀ ਤਰ੍ਹਾਂ ਕਿਰਪਾ ਦੇ ਦੁਆਰਾ**, ਨਾ ਕਿ ਸਾਡੇ ਕਿਸੇ ਕੰਮ ਜਾਂ ਕੋਸ਼ਿਸ਼ ਦੇ ਦੁਆਰਾ, ਪਰ ਇਹ ਪੂਰੀ ਤਰ੍ਹਾਂ **ਸਾਡੇ ਪਰਮੇਸ਼ੁਰ ਅਤੇ ਮੁਕਤੀਦਾਤੇ ਯਿਸੂ ਮਸੀਹ** ਦੇ ਲਹੂ ਅਤੇ **ਧਰਮ ਦੇ ਰਾਹੀਂ** ਸਾਨੂੰ ਦਿੱਤੀ ਗਈ।

**ਆਇਤ 2** ਪਰਮੇਸ਼ੁਰ ਅਤੇ ਯਿਸੂ ਸਾਡੇ ਪ੍ਰਭੂ ਦੇ (1) **ਗਿਆਨ** ਦੇ ਰਾਹੀਂ ਤੁਹਾਡੇ ਲਈ **ਕਿਰਪਾ** ਅਤੇ **ਸ਼ਾਂਤੀ** ਵੱਧ ਤੋਂ **ਵੱਧ ਹੁੰਦੀ ਜਾਵੇ**।

- ਜਿਵੇਂ-ਜਿਵੇਂ ਪਰਮੇਸ਼ਰ ਦੇ ਬਾਰੇ ਅਤੇ ਸਾਡੇ ਪ੍ਰਭੂ ਯਿਸੂ ਬਾਰੇ ਸਾਡਾ **ਗਿਆਨ** ਵਧਦਾ ਜਾਂਦਾ ਹੈ, **ਕਿਰਪਾ** ਅਤੇ **ਸ਼ਾਂਤੀ** ਵੀ **ਵਧਦੀ ਜਾਂਦੀ ਹੈ**। ਵਧਣਾ ਅਤੇ ਪਰਿਪੱਕ ਬਣਨਾ -> ਇਹ ਤੁਹਾਡੇ ਹੱਥ ਹੈ ਕਿ ਤੁਸੀਂ

- ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ **ਕਾਰੀਗਰ** ਠਹਿਰਾਉਣ ਦਾ **ਜਤਨ ਕਰ** ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ **ਸਚਿਆਈ ਦੇ ਬਚਨ** ਦਾ **ਜਥਾਰਥ** ਵਖਿਆਣ ਕਰਨ ਵਾਲਾ ਹੋਵੇ। 2 ਤਿਮੋਥਿਉਸ 2:15

**ਆਇਤ** 3 ਜਦੋਂ **ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ** ਜੋ **ਜੀਵਨ** ਅਤੇ **ਭਗਤੀ** ਨਾਲ ਵਾਸਤਾ ਰੱਖਦਾ ਹੈ **ਸਾਨੂੰ ਉਸੇ ਦੇ** (2) **ਗਿਆਨ ਦੇ ਦੁਆਰਾ ਦਿੱਤਾ ਹੈ ਜਿਹ ਨੇ** ਆਪਣੇ ਹੀ ਪਰਤਾਪ ਅਤੇ ਗੁਣ ਨਾਲ **ਸਾਨੂੰ ਸੱਦਿਆ**।

- ਬਹੁਤ ਵਧੀਆ, ਸ਼ਾਨਦਾਰ। ਪਰ ਅਸੀਂ ਸੱਭੋ ਕੁਝ ਹਾਸਲ ਕਿਵੇਂ ਕਰ ਸਕਦੇ ਹਾਂ ? ? ?

- **ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ**, ਇਹ **ਉਸੇ ਦੇ ਗਿਆਨ** ਦੇ ਸਾਡੇ **ਮਾਧਿਅਮ** ਦੇ ਦੁਆਰਾ ਸਾਨੂੰ ਪ੍ਰਾਪਤ ਹੁੰਦਾ ਹੈ।

- **ਜੀਵਨ ਅਤੇ ਭਗਤੀ** ਦਾ ਇਹ ਅਦਭੁਤ, ਸ਼ਾਨਦਾਰ ਦਾਨ **ਸਾਨੂੰ ਦਿੱਤਾ ਗਿਆ** ਹੈ। ਅਤੇ ਜਿਵੇਂ-ਜਿਵੇਂ ਅਸੀਂ **ਉਸੇ ਦੇ ਗਿਆਨ** ਵਿੱਚ **ਵਧਦੇ ਜਾਵਾਂਗੇ**, ਅਸੀਂ ਇਸ ਨੂੰ ਸੰਪੂਰਨ ਤੌਰ ਤੇ ਜਾਣਾਂਗੇ, ਜੀਵਾਂਗੇ ਅਤੇ ਇਸ ਦਾ ਅਨੰਦ ਮਾਣਾਂਗੇ।
  ਜਿਵੇਂ ਕਿ ਕਿਸੇ ਵੀ ਦਾਨ ਦੇ ਬਾਰੇ ਸੱਚ ਹੈ, **ਸਭ ਤੋਂ ਪਹਿਲਾਂ** ਤੁਹਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਹ ਤੁਹਾਨੂੰ ਦਿੱਤਾ ਗਿਆ ਹੈ। ਅਤੇ **ਦੂਸਰੀ ਗੱਲ**, ਇਸ ਨੂੰ ਇਸਤੇਮਾਲ ਕਰਨ ਲਈ ਅਤੇ ਇਸ ਦਾ ਅਨੰਦ ਮਾਨਣ ਲਈ ਇਸ ਨੂੰ ਡੱਬੇ ਵਿੱਚੋਂ ਕੱਢਣਾ ਅਤੇ ਕੰਮ ਵਿੱਚ ਲਿਆਉਣਾ ਜ਼ਰੂਰੀ ਹੈ।

- **ਸਾਨੂੰ ਸੱਭੋ ਕੁਝ ਦਿੱਤਾ ਹੈ** -> **ਨਿਹਚਾ ਵੀ**। ਇਹ ਭਰਪੂਰ ਕਿਰਪਾ ਹੈ।

  ਅਫ਼ਸੀਆਂ 2:8 ਕਿਉਂ ਜੋ ਤੁਸੀਂ **ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ** (ਅਰਥਾਤ ਨਿਹਚਾ) **ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖਸ਼ੀਸ਼ ਹੈ।**

**ਆਇਤ** 4 ਜਿਨ੍ਹਾਂ (ਉਸ ਦੀ ਮਹਿਮਾ ਅਤੇ ਉੱਤਮਤਾ) ਦੇ ਰਾਹੀਂ **ਉਹ ਨੇ ਸਾਨੂੰ ਅਮੋਲਕ** ਅਤੇ **ਵੱਡੇ ਵੱਡੇ ਵਾਇਦੇ ਦਿੱਤੇ ਹਨ** (ਕਿਉਂ?) ਭਈ **ਤੁਸੀਂ** ਉਸ ਵਿਨਾਸ ਤੋਂ **ਛੁੱਟ** ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ **ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ** ਵਿੱਚ **ਸਾਂਝੀ ਹੋ ਜਾਓ**।

- ਕੇਵਲ ਉਸ ਦੇ **ਅਮੋਲਕ** ਅਤੇ **ਵੱਡੇ ਵੱਡੇ ਵਾਇਦਿਆਂ** ਦੇ ਦੁਆਰਾ ਹੀ ਅਸੀਂ **ਈਸ਼ੁਰੀ ਸੁਭਾਉ** ਵਿੱਚ **ਸਾਂਝੀ** ਹੋ ਸਕਦੇ ਹਾਂ ਅਤੇ ਵਿਨਾਸ ਤੋਂ **ਛੁੱਟ** ਸਕਦੇ ਹਾਂ।

- ਇਹੋ ਉਸ ਦਾ ਨਿਸ਼ਾਨਾ ਹੈ। ਅਤੇ ਸਾਡਾ ਵੀ ਇਹੋ ਨਿਸ਼ਾਨਾ ਹੋਣਾ ਚਾਹੀਦਾ ਹੈ। -> "ਜਿਵੇਂ ਕਿ ਸ਼ੁਰੂ ਵਿੱਚ ਸੀ"

- ਸਭ ਤੋਂ ਵੱਡਾ ਅਤੇ ਸਭ ਤੋਂ ਜ਼ਰੂਰੀ **ਵਾਇਦਾ**, ਰਸੂਲਾਂ ਦੇ ਕਰਤੱਬ 1: 4-8: ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ . . . ਪਿਤਾ ਦੇ ਉਸ **ਕਰਾਰ** ਦੀ ਉਡੀਕ ਵਿੱਚ ਰਹੋ . . . (5) ਤੁਹਾਨੂੰ **ਪਵਿੱਤ੍ਰ ਆਤਮਾ** ਨਾਲ ਬਪਤਿਸਮਾ ਦਿੱਤਾ **ਜਾਵੇਗਾ**। (8) ਪਰ ਜਾਂ **ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ** ਤਾਂ ਤੁਸੀਂ **ਸ਼ਕਤੀ** ਪਾਓਗੇ ਅਤੇ . . . ਮੇਰੇ ਗਵਾਹ **ਹੋਵੋਗੇ**

- ਅਫ਼ਸੀਆਂ 3:16-17 ਭਈ ਉਹ **ਆਪਣੇ ਪਰਤਾਪ ਦੇ ਧਨ** ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ ਤੁਸੀਂ **ਉਹ ਦੇ ਆਤਮਾ** ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿੱਚ **ਸਮਰੱਥਾ ਨਾਲ ਬਲਵੰਤ ਬਣੋ ਕਿ ਮਸੀਹ** (ਉਸ ਦਾ ਈਸ਼ੁਰੀ ਸੁਭਾਉ) **ਤੁਹਾਡਿਆਂ ਮਨਾਂ ਵਿੱਚ ਨਿਹਚਾ ਦੇ ਦੁਆਰਾ ਵੱਸੇ**

- ਅਤੇ ਅਸੀਂ ਕੇਵਲ **ਪਵਿੱਤਰ ਆਤਮਾ** ਦੀ **ਸ਼ਕਤੀ** ਦੁਆਰਾ ਹੀ **ਬਲਵੰਤ ਬਣ ਸਕਦੇ** ਹਾਂ ਅਤੇ ਉਸ ਵਿਨਾਸ ਤੋਂ . . . ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਛੁੱਟ ਸਕਦੇ ਹਾਂ, ਇਸ ਉੱਤੇ ਜਿੱਤ ਪਾ ਸਕਦੇ ਹਾਂ ਅਤੇ ਪੂਰੀ ਤਰ੍ਹਾਂ ਅਤੇ ਸਿੱਧੇ ਤੌਰ 'ਤੇ **ਈਸ਼ੁਰੀ ਸੁਭਾਉ** ਨਾਲ **ਭਰਪੂਰ** ਹੋ ਸਕਦੇ ਹਾਂ।

- ਰੋਮੀਆਂ 8:29 ਕਿਉਂਕਿ **ਜਿਨ੍ਹਾਂ ਨੂੰ** ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਓਹਨਾਂ ਨੂੰ **ਅੱਗਿਓਂ ਠਹਿਰਾਇਆ** ਭਈ **ਉਹ ਦੇ ਪੁੱਤ੍ਰ ਦੇ ਸਰੂਪ** ਉੱਤੇ ਬਣਨ। **ਈਸ਼ੁਰੀ ਸੁਭਾਉ** ਨਾਲ **ਭਰਪੂਰ** . . . ਅਸਾਨ ਤਰੀਕੇ ਨਾਲ -> ਆਗਿਆਕਾਰੀ ਦੇ ਦੁਆਰਾ। ਜਾਂ ਮੁਸ਼ਕਿਲ ਤਰੀਕੇ ਨਾਲ -> ਅਨੁਸ਼ਾਸਨ ਦੇ ਦੁਆਰਾ।

- ਕੁਲੁੱਸੀਆਂ 1:9-12 ਅਸੀਂ ਵੀ ਤੁਹਾਡੇ ਲਈ ਇਹ ਪ੍ਰਾਰਥਨਾ ਅਤੇ ਅਰਦਾਸ ਕਰਨ ਤੋਂ ਨਹੀਂ ਹਟਦੇ ਭਈ **ਤੁਸੀਂ** ਹਰ ਪ੍ਰਕਾਰ ਦੇ **ਆਤਮਕ ਗਿਆਨ** ਅਤੇ ਸਮਝ ਨਾਲ **ਉਹ ਦੀ ਇੱਛਿਆ ਦੀ ਪਛਾਣ ਤੋਂ ਭਰਪੂਰ ਹੋ ਜਾਓ**। **ਤਾਂ ਜੋ ਤੁਸੀਂ ਅਜਿਹੀ ਜੋਗ ਚਾਲ ਚੱਲੋ ਜਿਹੜੀ ਪ੍ਰਭੁ ਨੂੰ** ਹਰ ਤਰਾਂ ਨਾਲ **ਭਾਵੇ** (ਕਿਵੇਂ?) (1) ਅਤੇ ਹਰੇਕ ਸੁਭ ਕਰਮ ਵਿੱਚ **ਫਲਦੇ ਰਹੋ** ਅਤੇ (2) **ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ** (ਜਿਸ ਦੇ ਦੁਆਰਾ) **ਉਸ ਦੀ ਮਹਿਮਾ ਦੀ ਸ਼ਕਤੀ** ਦੇ ਅਨੁਸਾਰ **ਸਾਰੀ ਸਮਰੱਥਾ** ਨਾਲ ਸਮਰਥ ਹੋ ਜਾਵੇ ਤਾਂ ਜੋ (3) ਤੁਸੀਂ ਅਨੰਦ ਨਾਲ ਪੂਰਾ **ਸਹਾਰਾ** ਅਤੇ (4) **ਧੀਰਜ** ਕਰੋ। ਅਤੇ ਪਿਤਾ ਦਾ **ਧੰਨਵਾਦ** ਕਰਦੇ ਰਹੋ ਜਿਨ **ਸਾਨੂੰ** ਇਸ **ਜੋਗ ਬਣਾਇਆ** ਭਈ ਚਾਨਣ ਵਿੱਚ ਸੰਤਾਂ ਦੇ ਵਿਰਸੇ ਦੇ ਪੱਤੀਦਾਰ ਹੋਈਏ।

ਬਹੁਤ ਵਧੀਆ !

## **ਉਸੇ ਨੇ ਸੱਭੋ ਕੁਝ** ਜੋ **ਜੀਵਨ** ਅਤੇ **ਭਗਤੀ** ਨਾਲ ਵਾਸਤਾ ਰੱਖਦਾ ਹੈ

## **ਸਾਨੂੰ ਦਿੱਤਾ ਹੈ**

ਸਾਡੇ ਕੋਲ ਕੋਈ ਬਹਾਨਾ ਨਹੀਂ ਹੈ।

ਵੇਖਣਾ ਭਈ **ਕੋਈ** ਪਰਮੇਸ਼ੁਰ ਦੀ **ਕਿਰਪਾ** ਤੋਂ **ਵਾਂਝਾ ਨਾ ਰਹੇ**; ਇਬਰਾਨੀਆਂ 12:15

ਅਸੀਂ ਕਿੰਨੇ ਵਾਂਝੇ ਹੋ ਸਕਦੇ ਹਾਂ?

**ਆਇਤ 5** ਸਗੋਂ **ਇਸੇ ਕਾਰਨ** (ਓਸ ਵਿਨਾਸ ਤੋਂ ਬਚਣ ਲਈ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ) ਤੁਸੀਂ ਆਪਣੀ ਵੱਲੋਂ **ਵੱਡਾ ਜਤਨ ਕਰ ਕੇ** (ਲਗਨ ਅਤੇ ਜੋਸ਼ ਨਾਲ ਲਗਾਤਾਰ ਕੋਸ਼ਿਸ਼ ਕਰਦੇ ਹੋਏ) **ਆਪਣੀ ਨਿਹਚਾ ਨਾਲ ਨੇਕੀ** ਅਤੇ ਨੇਕੀ ਨਾਲ (3) **ਗਿਆਨ**।

- **ਉਹ ਦੇ** ਵਿੱਚ ਜੋ **ਮੈਨੂੰ ਬਲ ਦਿੰਦਾ** ਹੈ **ਮੈਂ** ਸੱਭੋ ਕੁਝ **ਕਰ ਸੱਕਦਾ ਹਾਂ**। ਫ਼ਿੱਲਿਪੀਆਂ 4:13

- ਫ਼ਿੱਲਿਪੀਆਂ 2:12-13 ਇਸ ਲਈ, ਹੇ ਪਿਆਰਿਓ, ਜਿਵੇਂ ਤੁਸਾਂ ਸਦਾ **ਆਗਿਆਕਾਰੀ ਕੀਤੀ** . . . ਤੁਸੀਂ ਡਰਦੇ ਅਤੇ ਕੰਬਦੇ ਹੋਏ **ਆਪਣੀ ਮੁਕਤੀ ਦਾ ਕੰਮ ਨਿਬਾਹੋ** (ਸਾਡੀ ਜ਼ਿੰਮੇਦਾਰੀ)। ਕਿਉਂ ਜੋ **ਪਰਮੇਸ਼ੁਰ** ਹੀ ਹੈ **ਜਿਹੜਾ ਤੁਹਾਡੇ ਵਿੱਚ ਮਨਸ਼ਾ** ਤੇ **ਅਮਲ** ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ **ਪੈਦਾ ਕਰਦਾ** ਹੈ। ਫ਼ਿੱਲਿਪੀਆਂ 1:6 ਅਤੇ ਇਸ ਗੱਲ ਦੀ ਮੈਨੂੰ ਪਰਤੀਤ ਹੈ ਭਈ **ਜਿਹ ਨੇ** ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**।

- ਉਹ ਆਪਣੇ ਬੱਚਿਆਂ ਦੇ ਜੀਵਨ ਵਿੱਚ ਕੰਮ ਕਰਨਾ ਕਦੇ ਨਹੀਂ ਛੱਡਦਾ ਤਾਂਕਿ ਸਾਨੂੰ **ਆਪਣੇ ਪੁੱਤਰ ਦੇ ਸਰੂਪ ਉੱਤੇ ਬਣਾਵੇ** ਅਤੇ ਅਸੀਂ **ਨੇਕੀ** ਵਿੱਚ ਚੱਲੀਏ।

ਆਇਤ 5 ਅੱਗੇ ਜਾਰੀ: . . . ਅਤੇ ਨੇਕੀ ਨਾਲ (2) **ਗਿਆਨ**।

- ਕਿਉਂਕਿ: ਜਿਹੜੇ ਲੋਕ **ਆਪਣੇ ਪਰਮੇਸ਼ੁਰ ਨੂੰ ਸਿਆਣਦੇ** ਹਨ ਓਹ **ਬਲਵਾਨ** ਹੋਣਗੇ ਅਤੇ **ਕੰਮ ਕਰਨਗੇ**। ਦਾਨੀਏਲ 11:32 . . . ਅਤੇ **ਨੇਕੀ** ਵਿੱਚ ਚੱਲਣਗੇ।

ਆਇਤ 6 ਅਤੇ ਗਿਆਨ ਨਾਲ **ਸੰਜਮ** ਅਤੇ ਸੰਜਮ ਨਾਲ **ਧੀਰਜ** ਅਤੇ ਧੀਰਜ ਨਾਲ **ਭਗਤੀ**। *7* ਅਤੇ ਭਗਤੀ ਨਾਲ **ਭਰੱਪਣ ਦਾ ਪ੍ਰੇਮ** ਅਤੇ ਭਰੱਪਣ ਦੇ ਪ੍ਰੇਮ ਨਾਲ **ਪ੍ਰੇਮ** ਨੂੰ ਵਧਾਈ ਜਾਓ।

(1) ਅਤੇ ਗਿਆਨ ਨਾਲ **ਸੰਜਮ**

- **ਸੰਜਮ ਦੀ ਕਮੀ** ਦੇ ਕਾਰਨ ਸ਼ਤਾਨ ਤੁਹਾਨੂੰ ਅਸਾਨੀ ਨਾਲ ਭਰਮਾ ਸਕਦਾ ਹੈ। (1 ਕੁਰਿੰਥੀਆਂ 7:5) ਅਤੇ ਜਦੋਂ ਉਹ ਇਸ ਤਰ੍ਹਾਂ ਕਰਦਾ ਹੈ ਤਾਂ ਉਦੋਂ ਹੀ **ਪਰਮੇਸ਼ੁਰ ਬਾਰੇ ਸਾਡਾ ਗਿਆਨ ਬੇਹੱਦ ਮਹੱਤਵਪੂਰਣ ਹੋ ਜਾਂਦਾ ਹੈ** ਅਤੇ ਅਸੀਂ ਉਸ ਨੂੰ ਉਹੀ ਜਵਾਬ ਦਿੰਦੇ ਹਾਂ ਜਿਹੜਾ ਯਿਸੂ ਨੇ ਪਰਤਾਏ ਜਾਣ ਦੇ ਸਮੇਂ ਦਿੱਤਾ: **ਹੇ ਸ਼ਤਾਨ ਚੱਲਿਆ ਜਾਹ, ਕਿਉਂ ਜੋ ਲਿਖਿਆ ਹੈ** . . . ਮੱਤੀ 4:10 ਸਾਨੂੰ ਵਚਨ ਦਾ ਗਿਆਨ ਹੋਣਾ ਚਾਹੀਦਾ ਹੈ।

- ਸ਼ਤਾਨ ਪਹਿਲਾਂ ਉਂਗਲ ਰੱਖਣ ਅਤੇ ਫਿਰ ਪੈਰ ਜਮਾਉਣ ਅਤੇ ਇਸ ਤੋਂ ਬਾਅਦ ਸਾਡੇ ਕ੍ਰੋਧ/ਕਾਮਨਾ/ਬੁਰੀਆਂ ਆਦਤਾਂ ਦੇ ਦੁਆਰਾ ਆਪਣਾ ਕਿਲ੍ਹਾ ਉਸਾਰਨ ਦੀ ਪੂਰੀ ਕੋਸ਼ਿਸ਼ ਕਰਦਾ ਹੈ ਜਿਸ ਨਾਲ **ਉਸ ਦਾ** ਪੂਰਾ ਕਬਜ਼ਾ ਹੋ ਜਾਂਦਾ ਹੈ।

  ਪਰ ਇਹ ਜਾਣ ਲਓ:

  1 ਕੁਰਿੰਥੀਆਂ 10:13 ਤੁਹਾਡੇ ਉੱਤੇ ਇਹੋ ਜਿਹਾ **ਕੋਈ ਪਰਤਾਵਾ ਨਹੀਂ** ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ **ਪਰਮੇਸ਼ੁਰ ਵਫ਼ਾਦਾਰ ਹੈ** ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ **ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ** ਭਈ ਤੁਸੀਂ **ਝੱਲ ਸੱਕੋ**।

- **ਸੰਜਮ** ਆਤਮਾ ਦਾ ਫਲ ਹੈ ਗਲਾਤੀਆਂ 5:23 ਸਾਡੇ ਜੀਵਨਾਂ ਵਿੱਚ ਪਵਿੱਤਰ ਆਤਮਾ ਦੀ ਅਗਵਾਈ ਦਾ ਇੱਕ ਵੱਡਾ ਹਿੱਸਾ ਇਹ ਹੈ ਕਿ ਸਾਡੇ ਅੰਦਰ **ਸੰਜਮ** ਕਿੰਨਾ ਹੈ।

- **ਪਰ ਇਹ ਜਾਣ ਛੱਡ** ਭਈ ਅੰਤ ਦਿਆਂ ਦਿਨਾਂ ਵਿੱਚ **ਭੈੜੇ ਸਮੇਂ ਆ ਜਾਣਗੇ** . . . ਕਿਉਂ ਜੋ ਮਨੁੱਖ **ਅਸੰਜਮੀ** . . . **ਭਗਤੀ** ਦਾ ਰੂਪ ਧਾਰ ਕੇ ਵੀ **ਉਹ ਦੀ ਸ਼ਕਤੀ ਦੇ ਇਨਕਾਰੀ** ਹੋਣਗੇ, ਤੂੰ ਇਨ੍ਹਾਂ ਤੋਂ ਵੀ ਪਰੇ ਰਹੁ। ਪਵਿੱਤਰ ਆਤਮਾ 2 ਤਿਮੋਥਿਉਸ 3:1-5

(2) ਇਸ ਲਈ: ਅਤੇ ਸੰਜਮ ਨਾਲ **ਧੀਰਜ**

- ਕਿਉਂਕਿ ਜੇ ਅਸੀਂ ਸੰਜਮ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ **ਧੀਰਜ** ਬੇਹੱਦ ਜ਼ਰੂਰੀ ਹੈ। **ਇਹ ਅਸਾਨੀ ਨਾਲ ਨਹੀਂ ਹੁੰਦਾ** ਅਤੇ ਉਸ **ਵਿਨਾਸ** ਤੋਂ **ਛੁੱਟਣ** ਲਈ ਜੋ **ਕਾਮਨਾ** ਦੇ ਕਾਰਨ ਜਗਤ ਵਿੱਚ ਹੈ, **ਸੰਜਮ** ਉਹ ਸਭ ਤੋਂ ਪਹਿਲਾ ਅਤੇ ਸਭ ਤੋਂ ਮਹੱਤਵਪੂਰਣ ਆਤਮਿਕ ਯੁੱਧ ਹੈ ਜੋ ਸਾਨੂੰ **ਲੜਨਾ ਜ਼ਰੂਰੀ**। ਯੁੱਧ ਮੁਸ਼ਕਲ ਅਤੇ ਬੇਦਰਦ ਹੁੰਦਾ ਹੈ।

- ਕਿਉਂਕਿ: ਜਿਵੇਂ ਪੌਲੁਸ ਨੇ ਕਿਹਾ: **ਪਾਪ** . . . ਮੇਰੇ ਵਿੱਚ ਵੱਸਦਾ ਹੈ। ਮੈਂ ਜਾਣਦਾ ਤਾਂ ਹਾਂ ਭਈ ਮੇਰੇ ਅੰਦਰ ਅਰਥਾਤ ਮੇਰੇ ਸਰੀਰ ਦੇ ਅੰਦਰ ਕੋਈ ਭਲੀ ਗੱਲ ਹੈ ਨਹੀਂ। **ਇਰਾਦਾ ਕਰਨਾ ਤਾਂ ਮੇਰੇ ਅੰਦਰ ਹੈ ਪਰ** ਭਲਾ **ਕਰਨਾ ਹੈ ਨਹੀਂ**। ਸੋ ਮੈਂ ਇਹ ਕਾਨੂਨ ਵੇਖਦਾ ਹਾਂ ਭਈ ਜਦ ਮੈਂ ਭਲਿਆਈ ਕਰਨਾ ਚਾਹੁੰਦਾ ਹਾਂ ਤਦੋਂ **ਬੁਰਿਆਈ ਹਾਜ਼ਰ ਹੁੰਦੀ ਹੈ**। ਰੋਮੀਆਂ 7:17-21

ਸਾਡੇ ਅੰਦਰ **ਬੁਰਿਆਈ** ਅਤੇ **ਪਾਪ** ਹੋਣ ਕਰਕੇ ਉਸ "ਬੁਰਿਆਰ" ਨੂੰ ਥਾਂ ਮਿਲਦਾ ਹੈ। ਅਫ਼ਸੀਆਂ 4:27

ਜਿੰਨਾ ਅਸੀਂ ਆਪਣੇ ਆਪ ਨੂੰ ਪਾਪ ਦੇ ਹਵਾਲੇ ਕਰਦੇ ਹਾਂ ਅਤੇ ਇਸ ਨੂੰ ਹੋਣ ਦਿੰਦੇ ਹਾਂ ਉੱਨਾ ਜ਼ਿਆਦਾ ਬੁਰਿਆਈ ਨੂੰ ਥਾਂ ਦਿੰਦੇ ਹਾਂ।

ਸੋ ਅਸੀਂ ਇਸ ਯੁੱਧ ਨੂੰ ਕਿਵੇਂ ਲੜ ਸਕਦੇ ਹਾਂ ਅਤੇ ਜੇਤੂ ਹੋ ਸਕਦੇ ਹਾਂ?

- ਗਲਾਤੀਆਂ 5:17 ਕਿਉਂ ਜੋ ਸਰੀਰ (ਜਾਂ ਕਾਮਨਾਵਾਂ) ਆਤਮਾ ਦੇ **ਵਿਰੁੱਧ**, ਅਤੇ ਆਤਮਾ ਸਰੀਰ ਦੇ **ਵਿਰੁੱਧ** ਲੋਚਦਾ ਹੈ ਕਿਉਂ ਜੋ ਏਹ **ਇੱਕ ਦੂਏ ਦੇ ਵਿਰੁੱਧ** ਹਨ ਤਾਂ ਜੋ **ਤੁਸੀਂ ਜੋ ਚਾਹੁੰਦੇ ਸੋ ਨਾ ਕਰੋ**।

ਉਦਾਹਰਣ: ਇੱਕ ਬੁਰਾ ਅਤੇ ਇੱਕ ਚੰਗਾ ਕੁੱਤਾ ਆਪਸ ਵਿੱਚ ਲੜਦੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਜਿਸ ਨੂੰ ਤੁਸੀਂ ਖੁਆਉਂਦੇ ਹੋ ਉਹ ਤਾਕਤਵਰ ਹੁੰਦਾ ਜਾਂਦਾ ਹੈ ਅਤੇ ਜਿਸ ਨੂੰ ਭੁੱਖਾ ਰੱਖਦੇ ਹੋ ਉਹ ਕਮਜ਼ੋਰ ਹੁੰਦਾ ਜਾਂਦਾ ਹੈ। ਵਰਤ ਰੱਖਣ ਨਾਲ ਬੁਰੇ ਕੁੱਤੇ ਨੂੰ ਖੁਰਾਕ ਨਹੀਂ ਮਿਲਦੀ ਅਤੇ ਚੰਗਾ ਕੁੱਤਾ ਤਾਕਤਵਰ ਹੁੰਦਾ ਜਾਂਦਾ ਹੈ।

- **ਹਰੇਕ** ਪਹਿਲਵਾਨ **ਸਭਨੀਂ ਗੱਲੀਂ ਸੰਜਮੀ** ਹੁੰਦਾ ਹੈ। ਸੋ ਉਹ ਤਾਂ ਨਾਸਵਾਨ ਸਿਹਰੇ ਨੂੰ ਪਰ ਅਸੀਂ ਅਵਿਨਾਸੀ ਸਿਹਰੇ ਨੂੰ ਲੈਣ ਲਈ ਇਹ ਕਰਦੇ ਹਾਂ। **ਮੈਂ . . . ਆਪਣੇ ਸਰੀਰ ਨੂੰ ਮਾਰਦਾ ਕੁੱਟਦਾ ਅਤੇ ਉਹ ਨੂੰ ਆਪਣੇ ਵੱਸ ਵਿੱਚ ਲਿਆਉਂਦਾ ਹਾਂ**

  1 ਕੁਰਿੰਥੀਆਂ 9:25-27

- ਕੀ ਮੇਰਾ ਸਰੀਰ ਮੇਰਾ ਗੁਲਾਮ ਹੈ?? ਜਾਂ ਮੈਂ ਆਪਣੇ ਸਰੀਰ ਦਾ ਗੁਲਾਮ ਹਾਂ??

- ਜਿਸ ਗੱਲ ਨਾਲ ਸਾਡਾ ਵਾਹ ਪਿਆ ਹੈ ਉਹ ਕੋਈ ਖੇਡ ਨਹੀਂ ਹੈ। ਇਹ ਇੱਕ ਗੰਭੀਰ **ਯੁੱਧ** ਹੈ! ਤੁਹਾਡੇ ਵੈਰੀ **ਹੱਤਿਆ ਕਰਨ, ਚੋਰੀ ਕਰਨ ਅਤੇ ਨਾਸ ਕਰਨ** ਲਈ ਆਉਂਦਾ ਹੈ।

- ਯਿਸੂ ਨੇ ਅਫਸੁਸ ਦੀ ਕਲੀਸਿਯਾ ਦੀ ਸ਼ਲਾਘਾ ਕੀਤੀ: ਅਤੇ ਤੂੰ **ਧੀਰਜ ਰੱਖਦਾ** ਹੈਂ ਅਤੇ ਮੇਰੇ ਨਾਮ ਦੇ ਨਮਿੱਤ ਤੈਂ **ਸਹਾਰਾ ਕੀਤਾ** ਅਤੇ ਨਹੀਂ ਥੱਕਿਆ। ਪਰਕਾਸ਼ ਦੀ ਪੋਥੀ 2:3

- ਯਾਕੂਬ ਸਾਨੂੰ ਦੱਸਦਾ ਹੈ: 1:2-4 ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ **ਪਰਤਾਵਿਆਂ** (ਦੁਖੀ ਭਾਵਨਾਵਾਂ / ਕੋਈ ਤੁਹਾਡੇ ਨਾਲ ਬੁਰਾ ਕਰਦਾ ਹੈ) ਵਿੱਚ ਪਵੋ ਤਾਂ ਇਹ ਨੂੰ **ਪੂਰਨ ਅਨੰਦ ਦੀ ਗੱਲ ਜਾਣੋ**। ਕਿਉਂ ਜੋ ਤੁਸੀਂ ਜਾਣਦੇ ਹੋ ਭਈ **ਤੁਹਾਡੀ ਨਿਹਚਾ ਦੀ ਪਰੀਖਿਆ ਧੀਰਜ** ਬਣਾਉਂਦੀ ਹੈ। ਅਤੇ ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ (ਆਗਿਆਕਾਰੀ ਦੇ ਦੁਆਰਾ) ਭਈ ਤੁਸੀਂ **ਸਿੱਧ** ਅਤੇ **ਸੰਪੂਰਨ** ਹੋਵੋ ਅਤੇ **ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ**।

**ਪੂਰਨ ਅਨੰਦ ਦੀ ਗੱਲ ਜਾਣੋ**। ਯਿਸੂ ਨੇ ਇਸੇ ਤਰ੍ਹਾਂ ਕੀਤਾ।

- ਇਬਰਾਨੀਆਂ 12:2-3 ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ **ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ** ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। ਤੁਸੀਂ **ਉਹ ਨੂੰ ਸੋਚੋ** ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ **ਸਹਿ ਲਈ** ਭਈ ਨਾ ਹੋਵੇ **ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ**।

  ਜਿਵੇਂ ਉਜਾੜ ਵਿੱਚ ਇਸਰਾਏਲੀਆਂ ਨੇ ਕੀਤਾ – ਉਹ ਆਪਣੇ ਪਰਤਾਵਿਆਂ ਅਤੇ ਦੁੱਖਾਂ ਵਿੱਚ ਕੁੜਕੁੜਾਏ ਅਤੇ ਮਿਹਣੇ ਦਿੱਤੇ – ਅਤੇ ਉਨ੍ਹਾਂ ਨੂੰ ਫੇਰ ਪਹਾੜ ਦੇ ਦੁਆਲੇ ਚੱਕਰ ਲਗਾਉਣਾ ਪਿਆ। ਇਸ ਤੋਂ ਬਾਅਦ ਜਦੋਂ ਉਹ ਵਾਇਦੇ ਦੇ ਦੇਸ ਵਿੱਚ ਪਹੁੰਚੇ ਤਾਂ ਉਨ੍ਹਾਂ ਨੇ ਕਿਹਾ -> “ਅਸੀਂ ਯੁੱਧ ਨਹੀਂ ਜਿੱਤ ਸਕਦੇ।” ਉਸ ਪੀੜ੍ਹੀ ਨੇ ਕਦੇ ਵੀ ਆਪਣੇ ਵਾਇਦਿਆਂ ਨੂੰ ਅਨੁਭਵ ਨਹੀਂ ਕੀਤਾ ਜਾਂ ਇਨ੍ਹਾਂ ਦਾ ਅਨੰਦ ਨਹੀਂ ਲਿਆ।

- **ਅਤੇ ਪੌਲੁਸ ਸਾਨੂੰ ਰੋਮੀਆਂ ਵਿੱਚ ਦੱਸਦਾ ਹੈ:** ਰੋਮੀਆਂ 5:3-5 ਨਿਰਾ ਇਹੋ ਨਹੀਂ ਸਗੋਂ **ਬਿਪਤਾਂ** ਵਿੱਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ **ਬਿਪਤਾ ਧੀਰਜ ਪੈਦਾ ਕਰਦੀ ਹੈ**। ਅਤੇ ਧੀਰਜ **ਦ੍ਰਿੜ੍ਹਤਾ** (2 ਪਤਰਸ 1:4) ਭਈ ਤੁਸੀਂ ਉਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ **ਈਸ਼ੁਰੀ ਸੁਭਾਉ** (ਉਸ ਦੇ ਚਰਿੱਤਰ) ਵਿੱਚ **ਸਾਂਝੀ ਹੋ ਜਾਓ**।

- ਯੂਹੰਨਾ 16:33 ਜਗਤ ਵਿੱਚ **ਤੁਹਾਨੂੰ ਕਸ਼ਟ ਹੈ** ਪਰ ਹੌਂਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ।

- **ਪਤਰਸ ਸਾਨੂੰ ਦੱਸਦਾ ਹੈ:** 1 ਪਤਰਸ 2:21-24 ਕਿਉਂ ਜੋ ਤੁਸੀਂ **ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁਖ ਝੱਲ ਕੇ** ਇੱਕ **ਨਮੂਨਾ ਤੁਹਾਡੇ ਲਈ** ਛੱਡ ਗਿਆ ਭਈ ਤੁਸੀਂ **ਉਹ ਦੀ ਪੈੜ ਉੱਤੇ ਤੁਰੋ**। ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ **ਦੁੱਖ ਪਾ ਕੇ** ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ **ਉਹ ਦੇ** ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

- ਇਬਰਾਨੀਆਂ 5:8 ਅਤੇ ਉਹ ਭਾਵੇਂ ਪੁੱਤ੍ਰ ਸੀ ਪਰ ਜਿਹੜੇ ਉਹ ਨੇ **ਦੁਖ ਭੋਗੇ** ਉਨ੍ਹਾਂ ਤੋਂ **ਆਗਿਆਕਾਰੀ ਸਿੱਖੀ** . . . ਤਿਰਸਕਾਰ, ਨਿਰਾਦਰ, ਪੀੜ, ਮਾਰ, ਸਲੀਬ ਚੜ੍ਹਾਏ ਜਾਣਾ, ਅਤੇ ਇਸ ਸਭ ਨੂੰ ਸਹਿੰਦੇ ਹੋਏ ਵੀ ਉਸ ਨੇ ਕੋਈ ਪਾਪ ਨਹੀਂ ਕੀਤਾ।

  ਉਸ ਵਿੱਚ ਕੋਈ ਧੋਖਾ ਜਾਂ ਬੇਈਮਾਨੀ ਨਹੀਂ ਸੀ। ਉਹ ਕੇਵਲ ਸੱਚ ਬੋਲਦਾ ਸੀ। ਉਸ ਨੂੰ ਪੁੱਠੇ ਨਾਵਾਂ ਨਾਲ ਪੁਕਾਰਿਆ ਗਿਆ, ਝੂਠਾ ਕਿਹਾ ਗਿਆ, ਨਿਰਾਦਰ ਕੀਤਾ ਗਿਆ, ਪਰ ਉਸ ਨੇ ਆਪਣੇ ਜੀਵਨ ਵਿੱਚ ਕਦੇ ਵੀ ਇਸ ਦੇ ਜਵਾਬ ਵਿੱਚ ਬੁਰਾ ਨਹੀਂ ਬੋਲਿਆ ਅਤੇ ਨਾ ਨਿਰਾਦਰ ਦੀ ਗੱਲ ਆਖੀ। ਉਸ ਨੇ ਸਲੀਬ ਉੱਤੇ **ਦੁੱਖ ਸਹਿੰਦਿਆਂ** ਕੋਈ ਧਮਕੀ ਨਹੀਂ ਦਿੱਤੀ, ਬਲਕਿ ਆਪਣੇ ਆਪ ਨੂੰ ਉਸ ਦੇ ਹੱਥ ਸੌਂਪੀ ਰੱਖਿਆ ਜਿਹੜਾ ਧਾਰਮਿਕਤਾ ਨਾਲ ਨਿਆਂ ਕਰਦਾ ਹੈ।

- ਇਹੋ ਹੈ ਈਸ਼ੁਰੀ ਸੁਭਾਉ।

- 2 ਕੁਰਿੰਥੀਆਂ 4:17-18 ਕਿਉਂ ਜੋ ਸਾਡਾ ਹੌਲਾ ਜਿਹਾ **ਕਸ਼ਟ** (ਦੁੱਖ ਸਹਿਣ ਦਾ) ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ **ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ**। ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ।

**(3)** ਅਤੇ ਧੀਰਜ ਨਾਲ **ਭਗਤੀ**

- (ਆਇਤ 4) ਜਿਨ੍ਹਾਂ ਦੇ ਰਾਹੀਂ **ਉਹ ਨੇ** ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ **ਦਿੱਤੇ ਹਨ** (ਕਿਉਂ?) ਭਈ ਤੁਸੀਂ ਉਨ੍ਹਾਂ ਦੇ ਦੁਆਰਾ **ਈਸ਼ੁਰੀ ਸੁਭਾਉ** ਵਿੱਚ **ਸਾਂਝੀ ਹੋ ਜਾਓ**।

- ਅਤੇ: (ਆਇਤ 3) ਜਦੋਂ **ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ** ਜੋ **ਜੀਵਨ** ਅਤੇ **ਭਗਤੀ** ਨਾਲ ਵਾਸਤਾ ਰੱਖਦਾ ਹੈ ਸਾਨੂੰ ਉਸੇ ਦੇ ਗਿਆਨ ਦੇ ਦੁਆਰਾ **ਦਿੱਤਾ ਹੈ** (**ਤੁਹਾਡੇ ਅੰਦਰ ਈਸ਼ੁਰੀ ਸੁਭਾਉ ਹੈ**) ਤੁਸੀਂ (ਆਇਤ 5) **ਆਪਣੀ ਵੱਲੋਂ ਵੱਡਾ ਜਤਨ ਕਰ ਕੇ ਆਪਣੀ ਨਿਹਚਾ ਨਾਲ ਨੇਕੀ**।

- ਉਸ ਨੇ ਓਹਨਾਂ ਨੂੰ ਅੱਗਿਓਂ **ਠਹਿਰਾਇਆ** ਭਈ **ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ** **ਭਗਤੀ**!

- ਸੋ ਹੇ ਪਿਆਰਿਓ, ਜਦੋਂ ਏਹ **ਬਚਨ** ਸਾਨੂੰ ਦਿੱਤੇ ਹੋਏ ਹਨ ਤਾਂ ਆਓ, ਅਸੀਂ **ਆਪਣੇ ਆਪ ਨੂੰ** ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾਈ ਤੋਂ **ਸ਼ੁੱਧ ਕਰਕੇ** ਪਰਮੇਸ਼ੁਰ ਦੇ ਭੌ ਨਾਲ **ਪਵਿੱਤਰਤਾਈ ਨੂੰ ਸੰਪੂਰਨ** ਕਰੀਏ। 2 ਕੁਰਿੰਥੀਆਂ 7:1

- ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ ਅਸੀਂ **ਨੇਕੀ ਵਿੱਚ ਕਿਵੇਂ ਵਧ ਸਕਦੇ** ਹਾਂ?

- ਅਸੀਂ **ਪਵਿੱਤਰਤਾ ਵਿੱਚ ਸੰਪੂਰਨ** ਕਿਵੇਂ ਬਣ ਸਕਦੇ ਹਾਂ ???

**ਕਦਮ ਨੰਬਰ 1** ਉਸ ਈਸ਼ੁਰੀ ਸੁਭਾਉ ਵਿੱਚ ਚੱਲਣ ਲਈ ਜੋ ਸਾਡੇ ਅੰਦਰ ਹੈ ਅਤੇ ਨੇਕੀ ਵਿੱਚ ਵਧਣ ਲਈ **ਰੋਮੀਆਂ 6:6** ਸਾਨੂੰ ਇੱਕ ਚੰਗਾ ਉੱਤਰ ਦਿੰਦਾ ਹੈ:

ਕਿਉਂ ਜੋ ਅਸੀਂ **ਇਹ ਜਾਣਦੇ ਹਾਂ** ਜੋ **ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ। 7 ਕਿਉਂਕਿ ਜਿਹੜਾ ਮੋਇਆ ਉਹ ਪਾਪ ਤੋਂ ਛੁੱਟ ਕੇ ਧਰਮੀ ਠਹਿਰਾਇਆ ਗਿਆ।**

ਪ੍ਰਭੂ ਦੀ ਨਿਗਾਹ ਵਿੱਚ – ਸਾਡਾ ਪੁਰਾਣਾ ਮਨੁੱਖ ਮਰ ਗਿਆ ਅਸੀਂ ਉਸ ਦੇ ਨਾਲ ਸਲੀਬ ਚੜ੍ਹਾਏ ਗਏ ਹਾਂ।

- ਗਲਾਤੀਆਂ 2:20 **ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ** ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ **ਮਸੀਹ** (ਉਸ ਦਾ ਈਸ਼ੁਰੀ ਸੁਭਾਉ) **ਮੇਰੇ ਵਿੱਚ ਜੀਉਂਦਾ ਹੈ** ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ **ਨਿਹਚਾ** ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ **ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ**।

- ਮੱਤੀ 16:24 ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ**।

- ਰੋਮੀਆਂ 6:4 ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ **ਉਹ ਦੇ ਨਾਲ ਦੱਬੇ ਗਏ** ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ **ਮੁਰਦਿਆਂ ਵਿੱਚੋਂ ਜਿਵਾਲਿਆ ਗਿਆ** ਤਿਵੇਂ **ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ**। ਇਹੋ ਨਿਸ਼ਾਨਾ ਹੈ।

**ਕਦਮ ਨੰਬਰ 2** ਰੋਮੀਆਂ 6:11 ਇਸੇ ਤਰਾਂ **ਤੁਸੀਂ ਭੀ ਆਪਣੇ ਆਪ ਨੂੰ ਪਾਪ ਦੀ ਵੱਲੋਂ ਮੋਏ ਹੋਏ ਪਰ ਮਸੀਹ ਯਿਸੂ ਵਿੱਚ ਪਰਮੇਸ਼ੁਰ ਲਈ ਜੀਉਂਦੇ ਸਮਝੋ**।

- **ਸਮਝੋ** -> ਇਸ ਦੇ ਲਈ ਜੋ ਯੂਨਾਨੀ ਸ਼ਬਦ ਹੈ ਉਹ ਆਗਿਆਸੂਚਕ ਹੈ = **ਕਰੋ !** ਇਸ 'ਤੇ ਭਰੋਸਾ ਰੱਖੋ! ਇਸ ਮੰਨ ਲਓ! ਇਸ 'ਤੇ ਵਿਸ਼ਵਾਸ ਕਰੋ ! **ਆਪਣੇ ਜੀਵਨ ਵਿੱਚ ਅਸਲੀਅਤ ਨੂੰ ਅਸਲੀ ਬਣਾਓ!**

- ਨਤੀਜਾ: ਆਇਤ 12 ਉਪਰੰਤ **ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ ਨਾ ਕਰੇ** ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ ਹੋਵੋ। 13 ਅਤੇ ਆਪਣੇ ਅੰਗ **ਕੁਧਰਮ** ਦੇ ਹਥਿਆਰ ਬਣਾ ਕੇ **ਪਾਪ** ਨੂੰ **ਨਾ ਸੌਂਪੋ**;

- ਜੋ ਵੀ ਤੁਸੀਂ ਕਰ ਰਹੇ ਹੋ ਜਿਸ ਬਾਰੇ ਤੁਹਾਨੂੰ ਪਤਾ ਹੈ ਕਿ ਉਹ ਸਹੀ ਜਾਂ ਚੰਗਾ ਨਹੀਂ ਹੈ -> ਇਸ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਕਰਨਾ **ਬੰਦ ਕਰ ਦਿਓ** ਅਤੇ ਇਸ ਨੂੰ ਉਸ ਦੇ ਈਸ਼ੁਰੀ ਸੁਭਾਉ ਨਾਲ ਬਦਲ ਦਿਓ।

- ਫਿਲਿੱਪੀਆਂ 4:13 **ਉਹ ਦੇ** ਵਿੱਚ ਜੋ **ਮੈਨੂੰ ਬਲ ਦਿੰਦਾ** ਹੈ **ਮੈਂ ਸੱਭੋ ਕੁਝ ਕਰ ਸੱਕਦਾ ਹਾਂ।** ਜਿਸ ਦਾ ਈਸ਼ੁਰੀ ਸੁਭਾਉ ਤੁਹਾਡੇ ਅੰਦਰ ਹੈ।

**ਕਦਮ ਨੰਬਰ 3** ਰੋਮੀਆਂ 6:13 **ਆਪਣੇ ਆਪ ਨੂੰ ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ ਪਰਮੇਸ਼ੁਰ ਨੂੰ ਸੌਂਪ ਦਿਓ** ਅਤੇ ਆਪਣੇ ਅੰਗ **ਧਰਮ ਦੇ ਹਥਿਆਰ** ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ। 14 ਕਿਉਂ ਜੋ ਤੁਹਾਡੇ ਉੱਤੇ ਪਾਪ ਦੀ ਵਾਹ **ਨਾ ਚੱਲੇਗੀ**।

- ਰੋਮੀਆਂ 12:1 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ** ਅਤੇ ਪਰਮੇਸ਼ੁਰ ਨੂੰ ਭਾਉਂਦਾ **ਬਲੀਦਾਨ ਕਰਕੇ ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ।

- ਹਰ ਸਵੇਰ ਜਦੋਂ ਤੁਸੀਂ ਅੱਖਾਂ ਖੋਲ੍ਹਦੇ ਹੋ ਤਾਂ ਕਹੋ:

  "ਹੇ ਪ੍ਰਭੂ, ਮੈਂ ਤੇਰੇ ਈਸ਼ੁਰੀ ਸੁਭਾਉ ਅਤੇ ਨੇਕੀ ਨਾਲ ਭਰੇ ਹੋਏ ਆਪਣੇ ਇਸ ਸਰੀਰ ਨੂੰ ਜੀਉਂਦੇ ਬਲੀਦਾਨ ਦੇ ਰੂਪ ਵਿੱਚ ਤੈਨੂੰ ਸੌਂਪਦਾ ਹਾਂ। ਤੇਰੀ ਮਰਜ਼ੀ ਪੂਰੀ ਹੋਵੇ . . . ਤੇਰਾ ਰਾਜ ਆਵੇ, ਤੇਰੀ ਇੱਛਾ ਪੂਰੀ ਹੋਵੇ।" ਇਹ ਜ਼ਰੂਰੀ ਕਿਉਂ ਹੈ?

- ਰੋਮੀਆਂ 6:16 ਭਲਾ, ਤੁਸੀਂ ਨਹੀਂ **ਜਾਣਦੇ ਹੋ** ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ **ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ ਭਾਵੇਂ ਪਾਪ ਦੇ**

(ਜਿਸ ਦੇ ਦੁਆਰਾ ਤੁਸੀਂ ਉਸ ਬੁਰਿਆਰ ਨੂੰ ਤੁਹਾਨੂੰ ਪਰੇਸ਼ਾਨ ਕਰਨ ਲਈ ਥਾਂ ਦਿੰਦੇ ਹੋ। ਅਫ਼ਸੀਆਂ 4:27) ਭਾਵੇਂ **ਧਰਮ ਲਈ ਆਗਿਆਕਾਰੀ** ਦੇ, ਉਹ ਧਰਮ ਜਿਸ ਦਾ ਨਤੀਜਾ ਹੈ ਉਸ ਦਾ ਈਸ਼ੁਰੀ ਸੁਭਾਉ ਅਤੇ ਉਸ ਦੇ **ਅਮੋਲਕ** ਅਤੇ **ਵੱਡੇ ਵੱਡੇ ਵਾਇਦਿਆਂ** ਦੀਆਂ ਬਰਕਤਾਂ।

(4) ਅਤੇ ਭਗਤੀ ਨਾਲ ਭਰੱਪਣ ਦਾ **ਪ੍ਰੇਮ**

- ਇਹ ਇੰਨਾ ਜ਼ਿਆਦਾ ਹੋਵੇ ਕਿ ਤੁਹਾਡੇ ਲਈ ਈਸ਼ੁਰੀ ਸੁਭਾਉ ਅਤੇ **ਨੇਕੀ** ਸਭ ਤੋਂ ਪ੍ਰਮੁੱਖ ਬਣ ਜਾਵੇ, **ਤੁਸੀਂ ਪ੍ਰੇਮ ਨਾਲ ਨੱਕੋ-ਨੱਕ ਭਰੇ ਰਹੋਗੇ।**

- ਰੋਮੀਆਂ 2:4 **ਪਰਮੇਸ਼ੁਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ** = ਕਿ ਅਸੀਂ ਵਾਪਸ ਮੁੜੀਏ ਅਤੇ ਇੱਕ ਨਵੀਂ ਦਿਸ਼ਾ ਵਿੱਚ ਚੱਲੀਏ।

- ਗਲਾਤੀਆਂ 5:22 ਪਰ ਆਤਮਾ ਦਾ ਫਲ ਇਹ ਹੈ- ਪ੍ਰੇਮ, ਅਨੰਦ, ਸ਼ਾਂਤੀ, ਧੀਰਜ, **ਦਿਆਲਗੀ**

- ਕੁਲੁੱਸੀਆਂ 3:12 ਸੋ ਤੁਸੀਂ ਪਰਮੇਸ਼ੁਰ ਦਿਆਂ ਚੁਣਿਆਂ ਹੋਇਆਂ ਵਾਂਙੁ ਜਿਹੜੇ ਪਵਿੱਤ੍ਰ ਅਤੇ ਪਿਆਰੇ ਹਨ **ਰਹਿਮ ਦਿਲੀ**, **ਦਿਆਲਗੀ**, ਅਧੀਨਗੀ, ਨਰਮਾਈ ਅਤੇ ਧੀਰਜ ਨੂੰ ਪਹਿਨ ਲਓ। ਈਸ਼ੁਰੀ ਸੁਭਾਉ

(5) ਭਰੱਪਣ ਦੇ ਪ੍ਰੇਮ ਨਾਲ **ਪ੍ਰੇਮ** ਨੂੰ ਵਧਾਈ ਜਾਓ। ਧਰਤੀ ਉੱਤੇ ਸਭ ਤੋਂ ਵੱਡੀ ਸ਼ਕਤੀ **ਹੈ ਪ੍ਰੇਮ**

- ਸਰਬਸ਼ਕਤੀਮਾਨ ਪਰਮੇਸ਼ੁਰ **ਜੋ ਕਿ ਪ੍ਰੇਮ ਹੈ**, ਜਦੋਂ ਉਸ ਦਾ ਈਸ਼ੁਰੀ ਸੁਭਾਉ ਤੁਹਾਡੀ ਅਗਵਾਈ ਕਰੇਗਾ, ਤਾਂ **ਪ੍ਰੇਮ** ਤੁਹਾਡੇ ਅੰਦਰੋਂ ਜੀਵਨ ਦੀ ਇੱਕ ਅਜਿਹੀ ਨਦੀ ਬਣ ਕੇ ਵਹੇਗਾ ਜੋ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਛੂ ਲਵੇਗਾ ਅਤੇ ਬਦਲ ਦੇਵੇਗਾ ਜਿਨ੍ਹਾਂ ਨੂੰ ਤੁਸੀਂ ਮਿਲੋਗੇ।

- ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿੱਚ **ਪ੍ਰੇਮ** ਨਾ ਹੋਵੇ ਤਾਂ ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣ ਛਣ ਕਰਨ ਵਾਲੇ ਛੈਣੇ ਬਣਿਆ ਹਾਂ। ਅਤੇ ਭਾਵੇਂ ਮੈਨੂੰ ਅਗੰਮ ਵਾਕ ਬੋਲਣਾ ਆਵੇ ਅਤੇ ਮੈਂ ਸਾਰਾ ਭੇਤ ਅਤੇ ਸਾਰਾ ਗਿਆਨ ਜਾਣਾ ਅਤੇ ਭਾਵੇਂ ਮੈਂ ਪੂਰੀ ਨਿਹਚਾ ਰੱਖਾਂ ਅਜਿਹੀ ਭਈ ਪਹਾੜਾਂ ਨੂੰ ਹਟਾ ਦਿਆਂ ਪਰ **ਪ੍ਰੇਮ** ਨਾ ਰੱਖਾਂ, ਮੈਂ ਕੁਝ ਵੀ ਨਹੀਂ। ਅਤੇ ਭਾਵੇਂ ਮੈਂ ਆਪਣਾ ਸਾਰਾ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ ਪਰ **ਪ੍ਰੇਮ** ਨਾ ਰੱਖਾਂ, ਤਾਂ ਕੁਝ ਲਾਭ ਨਹੀਂ। **ਪ੍ਰੇਮ** ਧੀਰਜਵਾਨ ਅਤੇ ਕਿਰਪਾਲੂ ਹੈ। **ਪ੍ਰੇਮ** ਖੁਣਸ ਨਹੀਂ ਕਰਦਾ। **ਪ੍ਰੇਮ** ਫੁੱਲਦਾ ਨਹੀਂ, **ਪ੍ਰੇਮ** ਫੂੰ ਫੂੰ ਨਹੀਂ ਕਰਦਾ, "ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ

ਮੰਨਦਾ। ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ। **ਪ੍ਰੇਮ** ਕਦੇ ਟਲਦਾ ਨਹੀਂ। 1 ਕੁਰਿੰਥੀਆਂ 13:1-8

- 2 ਪਤਰਸ 1:8 ਕਿਉਂ ਜੋ ਏਹ **ਗੁਣ** ਜੇ **ਤੁਹਾਡੇ ਵਿੱਚ** ਹੋਣ ਅਤੇ **ਵਧਦੇ ਜਾਣ** ਤਾਂ ਓਹ ਤੁਹਾਨੂੰ ਸਾਡੇ ਪ੍ਰਭੁ ਯਿਸੂ ਮਸੀਹ ਦੇ **ਗਿਆਨ** ਵਿੱਚ ਨਾ **ਆਲਸੀ** ਅਤੇ ਨਾ **ਨਿਸਫਲ** ਹੋਣ ਦੇਣਗੇ। 9 ਪਰ ਜਿਹ ਦੇ ਵਿੱਚ ਏਹ ਗੁਣ ਨਹੀਂ ਉਹ ਅੰਨ੍ਹਾਂ ਹੈ ਅਤੇ ਉਹ ਨੂੰ ਮੋਟਾ ਵਿਖਾਈ ਦਿੰਦਾ ਹੈ ਅਤੇ ਭੁੱਲ ਗਿਆ ਹੈ ਭਈ ਮੈਂ ਆਪਣੇ ਅਗਲੇ ਪਾਪਾਂ ਤੋਂ ਸ਼ੁੱਧ ਕੀਤਾ ਗਿਆ ਸਾਂ। 10 ਇਸ ਕਾਰਨ ਹੇ ਭਰਾਵੋ, ਆਪਣੇ **ਸੱਦੇ ਜਾਣ** ਅਤੇ **ਚੁਣੇ ਜਾਣ** ਨੂੰ ਪੱਕਿਆਂ ਕਰਨ ਦਾ ਹੋਰ ਭੀ **ਜਤਨ ਕਰੋ** ਕਿਉਂਕਿ ਜੇ ਤੁਸੀਂ ਏਹ **ਕੰਮ ਕਰੋ** ਤਾਂ **ਕਦੇ ਠੇਡਾ ਨਾ ਖਾਓਗੇ**। 11 ਕਿਉਂ ਜੋ ਇਸੇ ਪਰਕਾਰ **ਤੁਹਾਨੂੰ** ਸਾਡੇ ਪ੍ਰਭੁ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਸਦੀਪਕ ਰਾਜ ਵਿੱਚ ਵੱਡੀ **ਖੁਲ੍ਹ ਨਾਲ ਪਰਵੇਸ਼ ਕਰਨਾ ਮਿਲੇਗਾ**।

## ਉਸ ਨੇ ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ਦਿੱਤਾ ਹੈ: ਨਿਹਚਾ / ਅਮੋਲਕ ਅਤੇ ਵੱਡੇ ਵੱਡੇ ਵਾਇਦੇ / ਉਸ ਦਾ ਈਸ਼ੁਰੀ ਸੁਭਾਉ / ਨੇਕੀ / ਗਿਆਨ / ਭਗਤੀ / ਭਰੱਪਣ ਦਾ ਪ੍ਰੇਮ ਅਤੇ ਪ੍ਰੇਮ ਨੂੰ ਵਧਾਉਂਦੇ ਜਾਣਾ

ਇਸ ਤੋਂ ਵੱਧ ਕੇ ਤੁਹਾਨੂੰ ਹੋਰ ਕਿਹੜੀ ਚੀਜ਼ ਦੀ ਲੋੜ ਹੋ ਸਕਦੀ ਹੈ?
ਗੱਲ ਸਿਰਫ ਇੰਨੀ ਹੈ ਕਿ ਤੁਹਾਨੂੰ ਸਭ ਤੋਂ ਜ਼ਿਆਦਾ ਕੀ ਚੰਗਾ ਲੱਗਦਾ ਹੈ?

ਹੁਣ ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ **ਸਮਰੱਥਾ** ਦੇ ਅਨੁਸਾਰ **ਜੋ ਸਾਡੇ ਵਿੱਚ ਪੋਹੰਦੀ ਹੈ**, ਕਲੀਸਿਯਾ ਵਿੱਚ ਅਤੇ ਮਸੀਹ ਯਿਸੂ ਵਿੱਚ ਸਾਰੀਆਂ ਪੀੜ੍ਹੀਆਂ ਤੀਕੁਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ। ਅਫ਼ਸੀਆਂ 3:20-21

---

ਉਹ ਆਇਤਾਂ ਜੋ ਇਹ ਦੱਸਦੀਆਂ ਹਨ ਕਿ ਨਿਹਚਾ ਪ੍ਰਭੁ ਦਾ ਦਿੱਤਾ ਹੋਇਆ ਦਾਨ (ਬਖਸ਼ੀਸ਼) ਹੈ

ਗਲਾਤੀਆਂ 3:23 ਪਰ **ਨਿਹਚਾ ਦੇ ਆਉਣ ਤੋਂ ਪਹਿਲਾਂ** ਅਸੀਂ **ਉਸ ਨਿਹਚਾ ਦੇ ਲਈ ਜਿਹੜੀ ਪਰਗਟ ਹੋਣੀ ਸੀ** ਸ਼ਰਾ ਦੇ ਪਹਿਰੇ ਹੇਠ ਬੱਧੇ ਹੋਏ ਰਹਿੰਦੇ ਸਾਂ। ਨਿਹਚਾ ਸਾਡੇ ਤੀਕ ਅੱਪੜੀ। ਇਹ ਸਾਡੇ ਵਿੱਚੋਂ ਜਾਂ ਸਾਡੇ ਤੋਂ ਸ਼ੁਰੂ ਨਹੀਂ ਹੁੰਦੀ।

ਰੋਮੀਆਂ 12:3-4 **ਮੈਂ ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ . . . ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ।** ਉਹ ਵਿਸ਼ਵਾਸੀਆਂ ਨੂੰ ਕਹਿ ਰਿਹਾ ਹੈ। ਵੇਖੋ ਆਇਤ 1 **ਹੇ ਭਾਈਓ**

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ ਇਹ ਕਿਰਪਾ ਹੋਈ** ਭਈ ਤੁਸੀਂ **ਨਾ ਕੇਵਲ ਉਸ ਉੱਤੇ ਨਿਹਚਾ ਹੀ ਕਰੋ** ਸਗੋਂ ਉਹ ਦੇ ਲਈ ਦੁਖ ਵੀ ਝੱਲੋ।

ਰਸੂਲਾਂ ਦੇ ਕਰਤੱਬ 3:16 **ਉਹ ਦੇ ਨਾਮ ਉੱਤੇ ਨਿਹਚਾ ਕਰਨ** ਕਰਕੇ **ਉਹ ਦੇ** ਨਾਮ ਹੀ ਨੇ ਐਸ ਮਨੁੱਖ ਨੂੰ ਜਿਹ ਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤਾ। ਹਾਂ, **ਉੱਸੇ ਨਿਹਚਾ ਨੇ ਜਿਹੜੀ ਉਹ ਦੇ *ਦੁਆਰਾ ਹੈ** ਇਹ ਪੂਰੀ ਤੰਦਰੁਸਤੀ ਤੁਸਾਂ ਸਭਨਾਂ ਦੇ ਸਾਹਮਣੇ ਉਸ ਨੂੰ ਦਿੱਤੀ।

*ਯੂਨਾਨੀ (δι') ਡੀਆਹ (ਡੀ-ਆਹ); ਇੱਕ ਮੁੱਢਲਾ ਪੂਰਵਸਰਗ ਜੋ ਕਿਸੇ ਕੰਮ ਦੇ ਮਾਧਿਅਮ ਬਾਰੇ ਦੱਸਦਾ ਹੈ। ਨਿਹਚਾ ਯਿਸੂ ਦੇ ਰਾਹੀਂ ਸਾਡੇ ਤੀਕ ਪਹੁੰਚਦੀ ਹੈ। ਨਿਹਚਾ ਉਸ ਦੇ ਨਾਲ ਹੀ ਸ਼ੁਰੂ ਹੁੰਦੀ ਹੈ ਅਤੇ ਸਾਨੂੰ ਦਿੱਤੀ ਜਾਂਦੀ ਹੈ।

1 ਪਤਰਸ 1:21 ਜਿਹੜੇ **ਉਹ ਦੇ *ਰਾਹੀਂ ਪਰਮੇਸ਼ੁਰ ਉੱਤੇ ਨਿਹਚਾ ਰੱਖਦੇ ਹੋ . . . ਤਾਂ ਜੋ** ਤੁਹਾਡੀ **ਨਿਹਚਾ** ਅਤੇ **ਆਸ** ਪਰਮੇਸ਼ੁਰ ਉੱਤੇ ਹੋਵੇ। (*ਰਾਹੀਂ ਜਾਂ ਦੁਆਰਾ – ਕੰਮ ਦਾ ਮਾਧਿਅਮ)

ਯੂਹੰਨਾ 3:27 ਮਨੁੱਖ ਜੇ **ਉਹ ਨੂੰ** ਸੁਰਗੋਂ **ਦਿੱਤਾ ਨਾ ਜਾਵੇ** ਤਾਂ **ਕੁਝ ਨਹੀਂ ਪਾ ਸੱਕਦਾ।**

ਅਫ਼ਸੀਆਂ 2:8 ਕਿਉਂ ਜੋ ਤੁਸੀਂ **ਕਿਰਪਾ** (ਪਰਮੇਸ਼ੁਰ ਦਾ ਮੁਫ਼ਤ ਦਾਨ) ਤੋਂ **ਨਿਹਚਾ** ਦੇ ਰਾਹੀਂ **ਬਚਾਏ ਗਏ** ਅਤੇ **ਇਹ ਤੁਹਾਡੀ ਵੱਲੋਂ ਨਹੀਂ** ਇਹ ਪਰਮੇਸ਼ੁਰ ਦੀ **ਬਖ਼ਸ਼ੀਸ਼ (ਦਾਨ)** ਹੈ

- ਇਹ ਆਇਤ ਸਪੱਸ਼ਟ ਕਰਦੀ ਹੈ ਕਿ **ਮੁਕਤੀ ਸਾਡੇ ਵੱਲੋਂ ਨਹੀਂ** ਹੈ। ਇਸ ਲਈ **ਨਿਹਚਾ ਵੀ "ਸਾਡੇ ਵੱਲੋਂ" ਨਹੀਂ ਹੋ ਸਕਦੀ** ਕਿਉਂਕਿ ਮੁਕਤੀ ਨਿਹਚਾ ਦੁਆਰਾ ਜਾਂ ਰਾਹੀਂ ਆਉਂਦੀ ਹੈ। ਜੇ ਅਜਿਹਾ ਨਾ ਹੁੰਦਾ ਤਾਂ ਮੁਕਤੀ ਸਾਡੇ ਉੱਤੇ ਨਿਰਭਰ ਹੁੰਦੀ।

- ਅਤੇ ਇਸ ਗੱਲ ਨੂੰ ਸਪੱਸ਼ਟ ਕਰਨ ਲਈ ਪਵਿੱਤਰ ਆਤਮਾ ਨੇ ਅੱਗੇ ਕਿਹਾ, "ਅਤੇ **ਇਹ** ਤੁਹਾਡੀ ਵੱਲੋਂ ਨਹੀਂ", ਜਿਸ ਦਾ ਸਾਫ਼-ਸਾਫ਼ ਇਸ਼ਾਰਾ **ਉਸ ਨਾਂਵ ਵੱਲ ਹੈ ਜੋ ਇਸ ਤੋਂ ਪਹਿਲਾਂ ਆਉਂਦਾ ਹੈ** ਅਰਥਾਤ "**ਨਿਹਚਾ**" ਅਤੇ ਇਹ ਵੀ ਸਾਡੇ ਵੱਲੋਂ **ਨਹੀਂ ਹੈ** ਸਗੋਂ "**ਪਰਮੇਸ਼ੁਰ ਦੀ ਬਖਸ਼ੀਸ਼ (ਦਾਨ)**" ਹੈ।

ਰੋਮੀਆਂ 4:16-17 ਇਸ ਕਾਰਨ ਉਹ **ਨਿਹਚਾ ਤੋਂ** ਹੋਇਆ **ਭਈ ਕਿਰਪਾ ਦੇ ਅਨੁਸਾਰ** ਠਹਿਰੇ [ਜੇ ਨਿਹਚਾ ਸਾਡੇ ਤੋਂ ਸ਼ੁਰੂ ਹੁੰਦੀ ਹੈ ਤਾਂ ਫਿਰ ਇਹ ਕਿਰਪਾ ਦੇ ਅਨੁਸਾਰ ਨਹੀਂ ਹੈ -> ਅਰਥਾਤ ਬਖਸ਼ੀਸ਼ ਨਹੀਂ ਹੈ] ਇਸ ਲਈ ਜੋ **ਕਰਾਰ** ਸਾਰੀ **ਅੰਸ** (ਸ਼ਾਬਦਿਕ: ਬੀਜ। ਅਸੀਂ "ਉਸੇ" ਚੁਣੇ ਹੋਏ ਵੰਸ ਵਿੱਚੋਂ ਹਾਂ) ਦੇ ਲਈ **ਪੱਕਾ ਰਹੇ**, ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ ਸ਼ਰਾ ਵਾਲੀ ਹੈ ਪਰੰਤੂ ਉਹ ਦੇ ਲਈ ਭੀ ਜਿਹੜੀ ਅਬਰਾਹਾਮ **ਜਹੀ** ਨਿਹਚਾ ਰੱਖਦੀ ਹੈ ਜੋ ਅਸਾਂ ਸਭਨਾਂ ਦਾ ਪਿਤਾ ਹੈ।

ਰਸੂਲਾਂ ਦੇ ਕਰਤੱਬ 16:14-15 ਅਰ ਲੁਦਿਯਾ ਨਾਮੇ . . . ਇੱਕ ਤੀਵੀਂ . . . ਪਰਮੇਸ਼ੁਰ ਦੀ ਭਗਤਣ ਸੁਣਦੀ ਸੀ। **ਉਹ ਦਾ ਮਨ ਪ੍ਰਭੁ ਨੇ ਖੋਲ੍ਹ ਦਿੱਤਾ** ਭਈ ਪੌਲੁਸ ਦੀਆਂ ਗੱਲਾਂ ਉੱਤੇ ਚਿੱਤ ਲਾਵੇ।

2 ਥੱਸਲੁਨੀਕੀਆਂ 3:2 ਅਤੇ ਇਹ ਭਈ ਅਸੀਂ ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚਾਏ ਜਾਈਏ **ਕਿਉਂ ਜੋ ਸਭਨਾਂ ਨੂੰ ਨਿਹਚਾ ਨਹੀਂ ਹੈ।**

2 ਥੱਸਲੁਨੀਕੀਆਂ 2:13 ਪਰਮੇਸ਼ੁਰ ਨੇ ਆਦ ਤੋਂ ਹੀ ਤੁਹਾਨੂੰ (ਦੋ ਗੱਲਾਂ ਦੇ ਰਾਹੀਂ) **ਚੁਣ ਲਿਆ** ਭਈ (1) ਤੁਹਾਨੂੰ ਆਤਮਾ ਤੋਂ ਪਵਿੱਤਰ ਹੋਣ ਨਾਲ **ਅਤੇ** (2) ਸੱਚ ਨੂੰ **ਮੰਨਣ** ਨਾਲ **ਮੁਕਤੀ ਹੱਥ ਆਵੇ।**

- ਆਤਮਾ ਦੁਆਰਾ ਪਵਿੱਤਰ ਕੀਤੇ ਜਾਣਾ। ਇਥੇ ਸ਼ਬਦ "ਅਤੇ" ਪਵਿੱਤਰਤਾ ਅਤੇ ਨਿਹਚਾ ਨੂੰ ਆਪਸ ਵਿੱਚ ਜੋੜਦਾ ਹੈ ਜਿਸ ਦਾ ਅਰਥ ਇਹ ਨਿੱਕਲਦਾ ਹੈ ਕਿ **ਨਿਹਚਾ ਵੀ ਆਤਮਾ ਤੋਂ ਹੈ ਅਤੇ ਇਹ ਮਨੁੱਖ ਤੋਂ ਅਰੰਭ ਨਹੀਂ ਹੁੰਦੀ।**

ਯਾਕੂਬ 2:5 ਸੁਣੋ, ਹੇ ਮੇਰੇ ਭਰਾਵੋ, ਕੀ ਪਰਮੇਸ਼ੁਰ ਨੇ ਓਹਨਾਂ ਨੂੰ ਨਹੀਂ **ਚੁਣਿਆ** ਜਿਹੜੇ ਸੰਸਾਰ ਦੀ ਵੱਲੋਂ ਗਰੀਬ ਹਨ ਭਈ **ਨਿਹਚਾ ਵਿੱਚ ਧਨੀ ਹੋਣ** ਅਤੇ ਉਸ ਰਾਜ ਦੇ ਅਧਕਾਰੀ ਹੋਣ?

1 ਕੁਰਿੰਥੀਆਂ 1:30 ਪਰ **ਉਸ ਤੋਂ ਤੁਸੀਂ ਮਸੀਹ ਯਿਸੂ ਵਿੱਚ ਹੋ** ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ।